# PUNJABI

## Paper I

## ( LITERATURE )

*Time allowed : **Three** Hours*

*Maximum Marks : **250***

---

### QUESTION PAPER SPECIFIC INSTRUCTIONS

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Questions no. **1** and **5** are compulsory and out of the remaining, any **THREE** are to be attempted choosing at least **ONE** from each section.*

*The number of marks carried by a question / part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

---



munotes.in

## SECTION A

**Q1.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਇਕ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਹੋਣਾ ਚਾਹੀਦਾ ਹੈ : *10×5=50*

(a) ਪੰਜਾਬੀ ਵਿਚ, ਅਗੇਤਰ ਤੇ ਪਿਛੇਤਰ ਤਾਂ ਮਿਲਦੇ ਹਨ, ਪਰ ਮਧੇਤਰ ਨਹੀਂ ਮਿਲਦੇ, ਵਿਚਾਰ ਪੇਸ਼ ਕਰੋ । *10*

(b) ਸਮਾਜਿਕ ਦਰਜੇਬੰਦੀ ਨਾਲ ਭਾਸ਼ਾ-ਵਰਤੋਂ ਅਤੇ ਉਚਾਰਨ ਵਿਚ ਪਰਿਵਰਤਨ ਕਿਵੇਂ ਵਾਪਰਦਾ ਹੈ ? ਸਪਸ਼ਟ ਕਰੋ । *10*

(c) ਭਾਸ਼ਾ ਅਤੇ ਲਿਪੀ ਦੇ ਆਪਸੀ ਸੰਬੰਧਾਂ ਦਾ ਉਲੇਖ ਕਰਦਿਆਂ, ਪੰਜਾਬੀ ਭਾਸ਼ਾ ਲਈ ਕੇਵਲ ਗੁਰਮੁਖੀ ਲਿਪੀ ਦੇ ਢੁੱਕਵੇਂ ਹੋਣ ਦੇ ਕਾਰਣ ਵਿਚਾਰੋ । *10*

(d) ਨਾਥ-ਜੋਗੀਆਂ ਦੀਆਂ ਰਚਨਾਵਾਂ ਨੂੰ ਪੰਜਾਬੀ ਸਾਹਿਤ ਦਾ ਆਦਿ-ਬਿੰਦੂ ਮੰਨ ਲੈਣਾ ਕਿਥੋਂ ਤਕ ਉੱਚਿਤ ਹੈ ? ਤਰਕਸੰਗਤ ਉੱਤਰ ਲਿਖੋ । *10*

(e) ਪੰਜਾਬੀ ਦੀਆਂ ਸਵਰ ਅਤੇ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਿਨ੍ਹਾਂ ਆਧਾਰਾਂ 'ਤੇ ਕੀਤਾ ਜਾਂਦਾ ਹੈ ? ਕੀ ਇਹ ਆਧਾਰ ਵਿਗਿਆਨਕ ਹਨ ? ਚਰਚਾ ਕਰੋ । *10*

**Q2.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ : $12\frac{1}{2}\times4=50$

(a) 'ਧੁਨੀ ਵਿਉਂਤ' (Phonology) ਅਤੇ 'ਭਾਵਾਂਸ਼ ਵਿਉਂਤ' (Morphology) ਵਿਚਲਾ ਬੁਨਿਆਦੀ ਅੰਤਰ ਉਦਾਹਰਣਾ ਸਹਿਤ ਸਪਸ਼ਟ ਕਰੋ । $12\frac{1}{2}$

(b) ਪੰਜਾਬੀ ਦੀ ਕਿਹੜੀ ਉਪ-ਭਾਸ਼ਾ ਨੂੰ ਭਾਰਤੀ ਪੰਜਾਬ ਵਿਚ 'ਟਕਸਾਲੀ ਭਾਸ਼ਾ' ਮੰਨਿਆਂ ਜਾਂਦਾ ਹੈ ਤੇ ਕਿਉਂ ? ਇਸ ਦੀ ਚਰਚਾ ਕਰੋ । $12\frac{1}{2}$

(c) ਜਨਮਸਾਖੀਆਂ ਨੂੰ ਪੰਜਾਬੀ ਕਹਾਣੀ ਦਾ ਮੁੱਢਲਾ ਰੂਪ ਮੰਨਿਆ ਜਾਣਾ ਚਾਹੀਦਾ ਹੈ ਕਿ ਪੰਜਾਬੀ ਵਾਰਤਕ ਦਾ ? ਸਪਸ਼ਟ ਕਰੋ । $12\frac{1}{2}$

(d) ਵਿਸ਼ਵ ਵਿਚ ਅਗਲੇ ਕੁਝ ਦਹਾਕਿਆਂ ਵਿਚ ਕਈ ਭਾਸ਼ਾਵਾਂ ਦੇ ਲੋਪ ਹੋਣ ਸੰਬੰਧੀ ਸੰਸੇ ਪ੍ਰਗਟਾਏ ਜਾ ਰਹੇ ਹਨ ? ਇਸ ਸੰਦਰਭ ਵਿਚ ਪੰਜਾਬੀ ਭਾਸ਼ਾ ਦਾ ਭਵਿਖ ਵਿਚਾਰੋ । $12\frac{1}{2}$



munotes.in

**Q3.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ : $12\frac{1}{2}\times4=50$

(a) ਪੰਜਾਬੀ ਸੁਰ-ਪ੍ਰਬੰਧ (Tonal System) ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ । $12\frac{1}{2}$

(b) ਗੁਰਮਤਿ ਕਾਵਿ-ਧਾਰਾ ਦੇ ਭਾਸ਼ਾਈ ਸੋਮਿਆਂ ਬਾਰੇ ਟਿਪਣੀ ਕਰਦਿਆਂ ਇਸ ਕਾਵਿ-ਧਾਰਾ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਨੂੰ ਉਭਾਰੋ । $12\frac{1}{2}$

(c) ਵਾਕ-ਰਚਨਾ ਦੀ ਵਰਗ-ਵੰਡ ਦੇ ਮੁੱਖ ਆਧਾਰ ਦਸੋ । ਪੰਜਾਬੀ ਭਾਸ਼ਾ ਦੀ ਵਾਕ ਬਣਤਰ ਦੇ ਵਿਭਿੰਨ ਪ੍ਰਕਾਰ ਅਤੇ ਇਨ੍ਹਾ ਦੀਆਂ ਵਿਸ਼ੇਸ਼ਤਾਵਾਂ ਦਸੋ । $12\frac{1}{2}$

(d) ਭਾਵਾਂਸ਼-ਵਿਉਂਤ ਤੋਂ ਕੀ ਭਾਵ ਹੈ ? ਪੰਜਾਬੀ ਭਾਸ਼ਾ ਦੀਆਂ ਵਿਕਾਰੀ ਅਤੇ ਅਵਿਕਾਰੀ ਸ਼ਬਦ-ਸ਼੍ਰੇਣੀਆਂ ਦਾ ਸਰੂਪ ਉਦਾਹਰਣਾ ਸਹਿਤ ਸਪਸ਼ਟ ਕਰੋ । $12\frac{1}{2}$

**Q4.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ : $12\frac{1}{2}\times4=50$

(a) ਭਾਸ਼ਾ-ਵਿਗਿਆਨ ਦਾ ਅਧਿਐਨ ਕਿਸ ਉਦੇਸ਼ ਅਧੀਨ ਕੀਤਾ ਜਾਂਦਾ ਹੈ ? ਇਸ ਦਾ ਅਧਿਐਨ-ਖੇਤਰ ਸਪਸ਼ਟ ਕਰੋ । ਕੀ ਭਾਸ਼ਾ-ਵਿਗਿਆਨ, ਭਾਸ਼ਾ ਨੂੰ ਕੋਈ ਸੇਧ ਪ੍ਰਦਾਨ ਕਰਦਾ ਹੈ ? ਚਰਚਾ ਕਰੋ । $12\frac{1}{2}$

(b) ਮੱਧਕਾਲੀ ਸੰਵੇਦਨਾ ਤੋਂ ਕੀ ਭਾਵ ਹੈ ? ਇਸ ਸੰਵੇਦਨਾ ਦੀ ਉਸਾਰੀ ਵਿਚ ਕਿੱਸਾ-ਕਾਵਿ ਅਤੇ ਵੀਰ-ਕਾਵਿ ਦਾ ਯੋਗਦਾਨ ਵਿਚਾਰੋ । $12\frac{1}{2}$

(c) ਪੰਜਾਬੀ ਕਿਰਿਆ-ਵਾਕੰਸ਼ ਦਾ ਸਰੂਪ ਸਪੱਸ਼ਟ ਕਰੋ ਅਤੇ ਦਸੋ ਕਿ ਪੰਜਾਬੀ, ਵਾਕੰਸ਼ ਜੁਗਤ ਵਿੱਚ 'ਕਿਰਿਆ ਵਿਸ਼ੇਸ਼ਣ ਵਾਕੰਸ਼' ਦਾ ਕੀ ਮਹਤੱਵ ਤੇ ਪ੍ਰਕਾਰਜ ਹੈ ? $12\frac{1}{2}$

(d) ਕਿਨ੍ਹਾਂ ਗੁਣਾਂ, ਲੱਛਣਾਂ ਅਤੇ ਕਾਰਨਾਂ ਕਰਕੇ ਸੂਫੀ ਸਾਹਿਤ, ਅਜੋਕੇ ਸਮਿਆਂ ਵਿਚ ਵੀ ਪੜ੍ਹਿਆ, ਗਾਇਆ, ਸੁਣਿਆ ਅਤੇ ਮਾਣਿਆ ਜਾਂਦਾ ਹੈ ? ਚਰਚਾ ਕਰੋ । $12\frac{1}{2}$

munotes.in

## SECTION B

**Q5.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਇਕ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਹੋਣਾ ਚਾਹੀਦਾ ਹੈ : *10×5=50*

(a) ਪੰਜਾਬੀ ਪ੍ਰਯੋਗਸ਼ੀਲ ਕਵਿਤਾ ਦੇ ਦਾਰਸ਼ਨਿਕ ਆਧਾਰ ਕਿਹੜੇ ਹਨ ? ਵਿਚਾਰ ਚਰਚਾ ਕਰੋ । *10*

(b) ਭਾਈ ਵੀਰ ਸਿੰਘ ਰਚਿਤ ਮਹਾਂ ਕਾਵਿ 'ਰਾਣਾ ਸੂਰਤ ਸਿੰਘ' ਦੇ ਵਿਸ਼ੇ ਪੱਖ ਨੂੰ ਉਜਾਗਰ ਕਰਦੇ ਹੋਏ, ਵਿਚਾਰ ਭਰਪੂਰ ਨੋਟ ਲਿਖੋ । *10*

(c) ਚਰਨ ਦਾਸ ਸਿੱਧੂ ਦੇ ਨਾਟਕਾਂ ਦੇ ਵਿਸ਼ੇ ਪੱਖ ਉਪਰ ਰੌਸ਼ਨੀ ਪਾਉ । *10*

(d) 'ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੰਜਾਬੀ ਇਸਤਰੀ ਦੇ ਵਿਭਿੰਨ ਰੂਪਾਂ ਦੀ, ਸਮਾਜਿਕ ਸਥਿਤੀਆਂ ਦੇ ਸੰਦਰਭ ਵਿਚ, ਤ੍ਰਾਸਦਿਕ ਪੇਸ਼ਕਾਰੀ ਹੋਈ ਮਿਲਦੀ ਹੈ ।' ਚਰਚਾ ਕਰੋ । *10*

(e) ਸ਼ੈਲੀ ਤੋਂ ਕੀ ਭਾਵ ਹੈ ? ਸਿੱਧ ਕਰੋ ਕਿ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੇ ਨਿਬੰਧਾਂ ਰਾਹੀਂ ਇਕ ਨਿਪੁੰਨ ਸ਼ੈਲੀਕਾਰ ਹੋਣ ਦੇ ਪ੍ਰਮਾਣ ਦਿਤੇ ਹਨ । *10*

**Q6.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ : $12\frac{1}{2}\times4=50$

(a) ਪ੍ਰੋ: ਪੂਰਨ ਸਿੰਘ ਦਾ ਪੰਜਾਬ ਅਤੇ ਪੰਜਾਬੀਅਤ ਦਾ ਸੰਕਲਪ ਕੀ ਹੈ ? ਵਿਚਾਰ ਪ੍ਰਗਟ ਕਰੋ । $12\frac{1}{2}$

(b) ਤਾਰਾ ਸਿੰਘ ਦੇ ਸੁਹਜਵਾਦੀ ਕਵੀ ਹੋਣ ਨਾਤੇ ਉਸਦੀ ਕਾਵਿ-ਕਲਾ ਬਾਰੇ ਵਿਚਾਰ ਪ੍ਰਗਟ ਕਰੋ । $12\frac{1}{2}$

(c) ਸੰਤ ਸਿੰਘ ਸੇਖੋਂ ਦੇ ਨਾਟਕ ਵਾਰਤਾਲਾਪ ਰਾਹੀਂ ਵਾਦ-ਵਿਵਾਦ ਸਿਰਜਦੇ ਹਨ, ਜਿਸ ਨਾਲ ਪੰਜਾਬੀ ਨਾਟਕ ਨੂੰ ਬੌਧਿਕ ਆਧਾਰ ਪ੍ਰਾਪਤ ਹੋਇਆ ਹੈ । ਚਰਚਾ ਕਰੋ । $12\frac{1}{2}$

(d) ਪੰਜਾਬੀ ਲੋਕ-ਕਹਾਣੀਆਂ ਪ੍ਰਤੀਕਾਤਮਕ-ਜਗਤ ਦਾ ਪ੍ਰਗਟਾਵਾ ਕਰਦੀਆਂ ਹਨ । ਇਸ ਉਪਰ ਵਿਚਾਰ ਕਰੋ । $12\frac{1}{2}$



munotes.in

**Q7.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ : $12\frac{1}{2} \times 4 = 50$

(a) ਨਵ-ਰਹੱਸਵਾਦ ਤੋਂ ਕੀ ਭਾਵ ਹੈ ? ਇਹ ਸਨਾਤਨੀ ਰਹੱਸਵਾਦ ਤੋਂ ਕਿਵੇ ਭਿੰਨ ਹੈ ? ਪ੍ਰੀਤਮ ਸਿੰਘ ਸਫ਼ੀਰ ਨੂੰ ਇਕ ਨਵ-ਰਹੱਸਵਾਦੀ ਕਵੀ ਵਜੋਂ ਵਿਚਾਰੋ ਅਤੇ ਉਸਦੀ ਕਾਵਿ-ਕਲਾ ਦੀ ਪੱਧਰ ਬਾਰੇ ਨਿਰਣਾ ਕਰੋ । $12\frac{1}{2}$

(b) "ਸੁਰਜੀਤ ਪਾਤਰ ਆਧੁਨਿਕ ਮਨੁੱਖ ਦੇ ਵਿਸ਼ਾਦ ਨਾਲ ਸੰਵਾਦ ਸਿਰਜਦਾ ਹੈ ।" ਵਿਚਾਰ ਕਰੋ । $12\frac{1}{2}$

(c) ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦੇ ਥੀਮਿਕ ਪੱਖ ਤੇ ਨੋਟ ਲਿਖੋ । $12\frac{1}{2}$

(d) ਡਾ: ਹਰਿਭਜਨ ਸਿੰਘ ਦਾ ਸਾਹਿਤ ਆਲੋਚਕ ਦੇ ਤੌਰ ਤੇ ਕੀ ਯੋਗਦਾਨ ਹੈ ? ਵਿਚਾਰ ਭਰਪੂਰ ਨੋਟ ਲਿਖੋ । $12\frac{1}{2}$

**Q8.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ : $12\frac{1}{2} \times 4 = 50$

(a) ਪ੍ਰਯੋਗਵਾਦ ਤੋਂ ਕੀ ਭਾਵ ਹੈ ? ਕਾਵਿ-ਕਲਾ ਵਿਚ ਇਸ ਦੇ ਕੀ ਅਰਥ ਹਨ ? ਇਸ ਦ੍ਰਿਸ਼ਟੀ ਤੋਂ ਅਜਾਇਬ ਕਮਲ ਦੇ ਕਾਵਿ ਦਾ ਮੁਲਾਂਕਣ ਕਰੋ । $12\frac{1}{2}$

(b) 'ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਕਹਾਣੀਆਂ ਵਿਚ ਮੱਧ-ਸ਼੍ਰੇਣਿਕ ਇਸਤਰੀ-ਪੁਰਸ਼ਾਂ ਉਤੇ ਆਰਥਿਕ ਦਬਾਵਾਂ, ਸਮਾਜਿਕ ਤਣਾਵਾਂ ਅਤੇ ਲਿੰਗਕ ਉਲਾਰਾਂ ਨੂੰ ਪੇਸ਼ ਕਰਕੇ ਪੰਜਾਬੀ ਕਹਾਣੀ ਨੂੰ ਨਵੇਂ ਪਰਿਪੇਖ ਦਿਤੇ ਹਨ ।' ਚਰਚਾ ਕਰੋ । $12\frac{1}{2}$

(c) ਪੱਛਮੀ ਆਲੋਚਨਾ ਪ੍ਰਣਾਲੀਆਂ ਨੂੰ ਜਿਸ ਢੰਗ ਨਾਲ ਪੰਜਾਬੀ ਸਾਹਿਤ ਉਤੇ ਲਾਗੂ ਕੀਤਾ ਜਾ ਰਿਹਾ ਹੈ, ਕੀ ਤੁਸੀਂ ਉਸ ਨਾਲ ਸੰਤੁਸ਼ਟ ਹੋ ? ਠੋਸ ਦਲੀਲਾਂ ਨਾਲ ਆਪਣਾ ਮੱਤ ਸਪਸ਼ਟ ਕਰੋ । $12\frac{1}{2}$

(d) ਪ੍ਰਵਾਸੀ ਸਾਹਿਤ ਦੇ ਸੰਦਰਭ ਵਿਚ ਸਵਰਨ ਚੰਦਨ ਦਾ ਨਾਵਲਕਾਰ ਦੇ ਤੌਰ ਤੇ ਕੀ ਯੋਗਦਾਨ ਹੈ ? ਵਿਚਾਰ ਕਰੋ । $12\frac{1}{2}$

munotes.in